# ਅਖਾਉਤਾਂ - 1 ਤੋਂ 25



ਅਖਾਉਤਾਂ ਪੰਜਾਬੀ ਲੋਕ-ਸਾਹਿਤ ਦਾ ਅਹਿਮ ਅੰਗ ਹਨ। ਇਹਨਾਂ ਨੂੰ ਅਖਾਣ ਜਾਂ ਕਹਾਵਤਾਂ ਵੀ ਕਿਹਾ ਜਾਂਦਾ ਹੈ। ਆਪਣੀ ਰੋਚਕਤਾ, ਵਿਸ਼ਾਲਤਾ ਅਤੇ ਵਿਆਪਕ ਹੋਂਦ ਕਾਰਨ ਅਖਾਉਤਾਂ ਲੋਕ-ਸਾਹਿਤ ਦਾ ਵਧੇਰੇ ਚਰਚਿਤ ਅਤੇ ਸ੍ਵੀਕ੍ਰਿਤ ਰੂਪ ਹਨ। ਇਹ ਲੋਕ-ਸੂਝ ਦੇ ਪ੍ਰਮਾਣਿਕ ਸਰੂਪ ਨੂੰ ਪ੍ਰਗਟਾਉਂਦੀਆਂ ਹਨ। ਅਖਾਉਤਾਂ ਵਿੱਚ ਮਨੁੱਖੀ ਜੀਵਨ-ਅਨੁਭਵ ਦੀ ਕਸੌਟੀ ਉੱਤੇ ਪੂਰੇ ਉੱਤਰਦੇ ਜੀਵਨ-ਸੱਚ, ਪੀੜ੍ਹੀਓ-ਪੀੜ੍ਹੀ ਵਿਕਸਿਤ ਹੋਈ ਜੀਵਨ-ਜਾਚ ਅਤੇ ਸਮੁੱਚੇ ਸੱਭਿਆਚਾਰਿਕ ਤਾਣੇ-ਬਾਣੇ ਪਿੱਛੇ ਕੰਮ ਕਰਦੀ ਲੋਕ-ਮਾਨਸਿਕਤਾ ਨੂੰ ਸਹਿਜ ਰੂਪ ਵਿੱਚ ਪੇਸ਼ ਕੀਤਾ ਹੁੰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ, " ਉਹ ਸੰਜਮ ਤੇ ਲੈਅ ਭਰਪੂਰ ਚੁਸਤ ਵਾਕ ਜਿਨ੍ਹਾਂ ਵਿੱਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਨਾ ਪ੍ਰਭਾਵਸ਼ਾਲੀ ਵਿਧੀ ਨਾਲ਼ ਸਮੋਇਆ ਹੁੰਦਾ ਹੈ, ਅਖਾਉਤ ਅਖਵਾਉਂਦੇ ਹਨ।

**1. ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ** - ਸਾਡੇ ਪਿੰਡ ਦਾ ਗੁਰਜੀਤ ਸਿੰਘ ਪਿੰਡ ਦੇ ਹਰੇਕ ਮਸਲੇ ਵਿੱਚ ਸ਼ਾਮਲ ਹੁੰਦਾ ਹੈ-ਭਾਵੇਂ ਕੋਈ ਘਰੇਲੂ ਝਗੜਾ ਹੋਵੇ, ਕੋਈ ਪੰਚਾਇਤੀ ਮਸਲਾ ਹੋਵੇ, ਚੰਦਾ ਮੰਗਣ ਵਾਲ਼ਿਆਂ ਨਾਲ਼ ਘਰ-ਘਰ ਘੁੰਮਣਾ ਹੋਵੇ। ਉਸ ਨੂੰ ਹਰ ਥਾਂ ਹਾਜ਼ਰ ਵੇਖ ਕੇ ਲੋਕ ਅਕਸਰ ਕਹਿ ਦਿੰਦੇ ਹਨ-ਉਹ ਕਿਹੜੀ ਗਲ਼ੀ ਜਿੱਥੇ ਭਾਗੋ ਨਹੀਂ ਖਲੀ।

**2. ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ** - ਪਿਤਾ: ਮੈਨੂੰ ਪੂਰੀ ਆਸ ਹੈ ਕਿ ਸੁਖਦੇਵ ਇਸ ਵਾਰ ਜ਼ਰੂਰ ਆਪਣੀ ਸ਼੍ਰੇਣੀ ਵਿੱਚੋਂ ਅੱਵਲ ਆਵੇਗਾ।

ਅਧਿਆਪਕ: ਮੈਂ ਉਸ ਦੀਆਂ ਆਦਤਾਂ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਉਹ ਮਿਹਨਤ ਬਿਲਕੁਲ ਨਹੀਂ ਕਰਦਾ। ਉਸ ਦੇ ਅੱਵਲ ਆਉਣ ਬਾਰੇ ਮੈਂ ਦਾਅਵੇ ਨਾਲ਼ ਕਹਿ ਸਕਦਾ ਹਾਂ ਕਿ ਉਹ ਦਿਨ ਡੁੱਬਾ, ਜਦ ਘੋੜੀ ਚੜ੍ਹਿਆ ਕੁੱਬਾ।

**3. ਉਹੀ ਨਾਰ ਸੁਲੱਖਣੀ, ਜਿਸ ਪਹਿਲੇ ਜਾਈ ਲੱਛਮੀ** - ਨੀਲਮ ਦੀ ਨੂੰਹ ਨੇ ਲੜਕੀ ਨੂੰ ਜਨਮ ਦਿੱਤਾ ਤਾਂ ਗੁਆਂਢਣ ਸਵਿੱਤਰੀ ਨੇ ਅਫ਼ਸੋਸ ਜ਼ਾਹਰ ਕਰਦਿਆਂ ਕਿਹਾ, "ਕੁੜੇ ਨੀਲਮ, ਤੇਰਾ ਪੁੱਤਰ ਤਾਂ ਕਬੀਲਦਾਰ ਹੋ ਗਿਆ। ਧੀ ਦਾ ਪਿਓ ਬਣ ਗਿਆ ਵਿਚਾਰਾ।" ਸਾਨੂੰ ਤਾਂ ਧੀ ਜੰਮੀ ਦੀ ਬਥੇਰੀ ਖ਼ੁਸ਼ੀ ਹੈ। ਮੇਰੀ ਨੂੰਹ ਤਾਂ ਭਾਗਾਂ ਵਾਲ਼ੀ ਹੈ। ਸਿਆਣਿਆਂ ਨੇ ਐਵੇਂ ਤਾਂ ਨਹੀਂ ਕਿਹਾ-"ਉਹ ਨਾਰ ਸੁਲੱਖਣੀ ਜਿਸ ਪਹਿਲੇ ਜਾਈ ਲੱਛਮੀ", ਨੀਲਮ ਨੇ ਉੱਤਰ ਦਿੱਤਾ।

**4. ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ** - ਵਿਨੋਦ ਦੇ ਮਾਪੇ ਉਸ ਨੂੰ ਹਮੇਸ਼ਾ ਮੋਟਰ-ਸਾਈਕਲ ਹੌਲ਼ੀ ਚਲਾਉਣ ਲਈ ਕਹਿੰਦੇ ਰਹੇ, ਪਰ ਉਸ ਨੇ ਇੱਕ ਨਾ ਸੁਣੀ। ਹੁਣ ਜਦੋਂ ਉਹ ਦੁਰਘਟਨਾ ਵਿੱਚ ਲੱਤ ਤੁੜਵਾ ਬੈਠਾ ਹੈ ਤਾਂ ਹਸਪਤਾਲ ਵਿੱਚ ਪਏ ਨੂੰ ਉਸ ਨੂੰ ਆਪਣੇ ਮਾਪਿਆਂ ਦੀ ਨਸੀਹਤ ਵਾਰ-ਵਾਰ ਯਾਦ ਆਉਂਦੀ ਹੈ। ਸਿਆਣਿਆਂ ਠੀਕ ਹੀ ਕਿਹਾ ਹੈ ਕਿ ਔਲ਼ੇ ਦਾ ਖਾਧਾ ਤੇ ਸਿਆਣੇ ਦਾ ਕਿਹਾ ਪਿੱਛੋਂ ਪਤਾ ਲੱਗਦਾ ਹੈ।

**5. ਆਪਣਾ ਨੀਗਰ, ਪਰਾਇਆ ਢੀਂਗਰ** - ਭਜਨ ਕੌਰ ਆਪਣੇ ਮਾੜਚੂ ਜਿਹੇ ਨਾਲਾਇਕ ਪੁੱਤਰ ਦੀਆਂ ਸਿਫ਼ਤਾਂ ਕਰਦੀ ਨਹੀਂ ਥੱਕਦੀ ਪਰ ਹੋਰਨਾਂ ਦੇ ਚੰਗੇ-ਭਲੇ ਬੱਚਿਆਂ ਵਿੱਚ ਵੀ ਨੁਕਸ ਕੱਢਦੀ ਰਹਿੰਦੀ ਹੈ। ਉਸ ਦੀ ਤਾਂ ਇਹ ਗੱਲ ਹੈ ਅਖੇ, 'ਆਪਣਾ ਨੀਂਗਰ, ਪਰਾਇਆ ਢੀਂਗਰ।'

**6. ਇੱਕ ਹੱਥ ਨਾਲ ਤਾੜੀ ਨਹੀਂ ਵੱਜਦੀ** - ਅਮਨਦੀਪ: ਬੱਚੇ ਅੱਜ ਫਿਰ ਆਪਸ ਵਿੱਚ ਲੜ ਪਏ। ਮਾਤਾ ਜੀ, ਅੱਜ ਤੁਸੀਂ ਇਹਨਾਂ ਦੇ ਕੋਲ਼ ਸੀ। ਤੁਸੀਂ ਦੱਸੋ ਕਿਸ ਦੀ ਗ਼ਲਤੀ ਹੈ?

ਮਾਤਾ ਜੀ: ਪੁੱਤਰ ਤੂੰ ਆਪ ਸਿਆਣਾ ਏਂ, ਇੱਕ ਹੱਥ ਨਾਲ਼ ਤਾੜੀ ਨਹੀਂ ਵੱਜਦੀ, ਘੱਟ ਇਹਨਾਂ ਦੋਹਾਂ ਵਿੱਚੋਂ ਕੋਈ ਨਹੀਂ।

**7. ਇਹਨਾਂ ਤਿਲ਼ਾਂ ਵਿੱਚ ਤੇਲ ਨਹੀਂ** - ਲਵਪ੍ਰੀਤ ਔਖੇ ਵੇਲ਼ੇ ਆਪਣੇ ਦੋਸਤ ਸਤਬੀਰ ਕੋਲ਼ੋਂ ਮਦਦ ਮੰਗਣ ਲਈ ਜਾਣ ਲੱਗਿਆ ਤਾਂ ਉਸਦੀ ਪਤਨੀ ਨੇ ਉਸ ਨੂੰ ਰੋਕਦਿਆਂ ਕਿਹਾ, "ਸਤਬੀਰ ਕੋਲ਼ ਜਾਣ ਦਾ ਕੋਈ ਫ਼ਾਇਦਾ ਨਹੀਂ, ਉਸ ਤੋਂ ਮਦਦ ਦੀ ਆਸ ਰੱਖਣਾ ਫ਼ਜ਼ੂਲ ਹੈ, ਮੈਨੂੰ ਪਤਾ ਹੈ ਕਿ ਇਹਨਾਂ ਤਿਲ਼ਾਂ ਵਿੱਚ ਤੇਲ ਨਹੀਂ।

**8. ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ -** ਦੋ ਭਰਾ ਕਿਸੇ ਗੱਲ 'ਤੇ ਬਹਿਸ ਕਰ ਰਹੇ ਸਨ। ਰਾਹ ਜਾਂਦਾ ਕਰਤਾਰਾ ਉਹਨਾਂ ਨੂੰ ਸਮਝਾਉਣ ਲੱਗ ਪਿਆ ਤਾਂ ਇੱਕ ਭਰਾ ਨੇ ਕਿਹਾ, "ਤੂੰ ਜਾਹ ਭਾਈ, ਅਸੀਂ ਆਪੇ ਨਜਿੱਠ ਲਵਾਂਗੇ ਆਪਣਾ ਮਸਲਾ, ਅਖੇ, "ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ।"

**9. ਸਖ਼ੀ ਨਾਲ਼ੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ** - ਸੋਹਣ ਲਾਲ ਦੇ ਦੋਸਤ ਨੇ ਉਸ ਤੋਂ ਪੰਜਾਹ ਹਜ਼ਾਰ ਰੁਪਏ ਉਧਾਰ ਮੰਗੇ ਤਾਂ ਸੋਹਣ ਲਾਲ ਨੇ ਕਿਹਾ, "ਭਰਾਵਾ ਏਨੇ ਪੈਸੇ ਮੈਂ ਤਾਂ ਦੇ ਨਹੀਂ ਸਕਦਾ। ਤੂੰ ਕੋਈ ਹੋਰ ਹੀਲਾ ਕਰ। ਮੈਂ ਤੈਨੂੰ ਝੂਠੇ ਲਾਰਿਆਂ ਵਿੱਚ ਨਹੀਂ ਰੱਖਣਾ ਚਾਹੁੰਦਾ ਕਿਉਂਕਿ ਸਿਆਣਿਆਂ ਨੇ ਕਿਹਾ ਹੈ-"ਸਖ਼ੀ ਨਾਲ਼ੋਂ ਸੂਮ ਭਲਾ ਜਿਹੜਾ ਤੁਰਤ ਦੇਵੇ ਜਵਾਬ।"

**10. ਸਹੇ ਦੀ ਨਹੀਂ ਪਹੇ ਦੀ ਪਈ ਏ** - ਪੁਨੀਤ ਘਰੋਂ ਬਿਨਾਂ ਦੱਸੇ ਦੋ ਸੌ ਰੁਪਏ ਲੈ ਕੇ ਦੋਸਤਾਂ ਨਾਲ਼ ਫ਼ਿਲਮ ਦੇਖਣ ਚਲਿਆ ਗਿਆ। ਵਾਪਸ ਮੁੜਿਆ, ਉਸ ਦੀ ਮਾਂ ਨੇ ਚਪੇੜਾਂ ਵੀ ਲਾਈਆਂ ਤੇ ਖ਼ੂਬ ਝਿੜਕਿਆ ਵੀ। ਪੁਨੀਤ ਦੀ ਭੂਆ ਨੇ ਕਿਹਾ, "ਭਲਾ ਦੋ ਸੌ ਰੁਪਏ ਪਿੱਛੇ ਇੰਨੀ ਕੁਪੱਤ ਕਿਉਂ ਕਰਦੀ ਏਂ?" "ਭੈਣ ਜੀ, ਗੱਲ ਦੋ ਸੌ ਰੁਪਏ ਦੀ ਨਹੀਂ। ਇਹਦੀਆਂ ਆਦਤਾਂ ਵਿਗੜਣ ਦੀ ਹੈ। ਮੈਨੂੰ ਸਹੇ ਦੀ ਨਹੀਂ ਪਹੇ ਦੀ ਪਈ ਏ," ਪੁਨੀਤ ਦੀ ਮਾਂ ਨੇ ਕਿਹਾ।

**11. ਹਸਾਏ ਦਾ ਨਾਂ ਨਹੀਂ ਰੁਆਏ ਦਾ ਨਾਂ ਹੋ ਜਾਂਦਾ ਏ** - "ਆਪਣੀ ਭਾਣਜੀ ਨੂੰ ਆਪਣੇ ਕੋਲ਼ ਰੱਖ ਕੇ ਪੜ੍ਹਾਉਣ ਦੀ ਜ਼ਿਦ ਛੱਡ ਦੇ। ਜਦ ਬੱਚਾ ਆਪਣੇ ਕੋਲ਼ ਰਹਿੰਦਾ ਹੋਵੇ, ਪਿਆਰ ਤਾਂ ਆਪਾਂ ਕਰਦੇ ਹੀ ਹਾਂ। ਪਰ ਜੇਕਰ ਬੱਚਾ ਕੋਈ ਗ਼ਲਤੀ ਕਰੇ ਤਾਂ ਉਸ ਨੂੰ ਝਿੜਕਣਾ ਵੀ ਪੈ ਜਾਂਦਾ ਹੈ। ਇਸ ਤਰ੍ਹਾਂ ਹਸਾਏ ਦਾ ਨਾਂ ਨਹੀਂ ਰੁਆਏ ਦਾ ਨਾਂ ਹੋ ਜਾਂਦਾ ਏ," ਕਾਂਤਾ ਦੀ ਸੱਸ ਨੇ ਉਸਨੂੰ ਸਮਝਾਉਂਦਿਆਂ ਕਿਹਾ।

**12. ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ** - ਬਲਜੀਤ ਆਪਣੇ ਮਾਪਿਆਂ ਅੱਗੇ ਹਮੇਸ਼ਾਂ ਵਿਦੇਸ਼ ਜਾਣ ਦੀ ਰੱਟ ਲਾਈ ਰੱਖਦਾ ਸੀ। ਉਸ ਦੇ ਪਿਓ ਨੇ ਪੰਜ ਵਿੱਘੇ ਜ਼ਮੀਨ ਵੇਚ ਕੇ ਉਸ ਨੂੰ ਵਿਦੇਸ਼ ਭੇਜਣ ਦਾ ਪ੍ਰਬੰਧ ਕਰ ਦਿੱਤਾ। ਸਾਲ ਕੁ ਬਾਅਦ ਬਲਜੀਤ ਖ਼ਾਲੀ ਹੱਥ ਵਾਪਸ ਆ ਗਿਆ। ਉਸ ਨੂੰ ਵੇਖ ਕੇ ਲੋਕਾਂ ਨੇ ਕਿਹਾ, 'ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਘਰ ਆਏ।'

**13. ਹੱਥੀਂ ਦਿੱਤੀਆਂ ਦੰਦੀਂ ਖੋਲ੍ਹਣੀਆਂ ਪੈਂਦੀਆਂ ਹਨ** - ਜਤਿੰਦਰ ਕਈ ਸਾਲਾਂ ਤੋਂ ਨਕਲੀ ਘਿਓ ਤਿਆਰ ਕਰ ਕੇ ਵੇਚ ਰਿਹਾ ਸੀ। ਦਿਵਾਲ਼ੀ ਦੇ ਦਿਨਾਂ ਵਿੱਚ ਡਾਕਟਰਾਂ ਨੇ ਉਸ ਦੇ ਤਿਆਰ ਕੀਤੇ ਘਿਓ ਦੀ ਪਰਖ ਕਰਵਾਈ ਤਾਂ ਮਿਲ਼ਾਵਟ ਸਾਬਤ ਹੋ ਗਈ। ਜੁਰਮਾਨੇ ਦੇ ਨਾਲ਼ ਉਸ ਨੂੰ ਦੋ ਸਾਲ ਦੀ ਕੈਦ ਵੀ ਹੋ ਗਈ। ਜੇਲ੍ਹ ਵਿੱਚ ਮਿਲ਼ਨ ਆਈ ਉਸ ਦੀ ਮਾਂ ਨੇ ਕਿਹਾ, "ਦੇਖ ਲੈ ਪੁੱਤਰ, ਹੱਥੀਂ ਦਿੱਤੀਆਂ ਦੰਦੀ ਖੋਲ੍ਹਣੀਆਂ ਪੈਂਦੀਆਂ ਹਨ।

**14. ਹਾਥੀ ਲੰਘ ਗਿਆ ਪੂਛ ਬਾਕੀ ਰਹਿ ਗਈ** - ਜਦੋਂ ਆਕ੍ਰਿਤੀ ਦੇ ਮਾਮਾ ਜੀ ਨੇ ਪੁੱਛਿਆ, "ਪੁੱਤਰ, ਤੇਰੀ ਡਾਕਟਰੀ ਦੀ ਪੜ੍ਹਾਈ ਕਿੰਨੀ ਕੁ ਰਹਿ ਗਈ ਹੈ?" ਤਾਂ ਆਕ੍ਰਿਤੀ ਨੇ ਕਿਹਾ, "ਮਾਮਾ ਜੀ, ਆਖ਼ਰੀ ਸਾਲ ਦੇ ਸਿਰਫ਼ ਦੋ ਪਰਚੇ ਰਹਿ ਗਏ ਹਨ।" "ਬੱਸ ਫਿਰ ਤਾਂ ਹਾਥੀ ਲੰਘ ਗਿਆ, ਪੂਛ ਹੀ ਬਾਕੀ ਰਹਿ ਗਈ ਹੈ", ਉਸ ਦੇ ਮਾਮਾ ਜੀ ਨੇ ਕਿਹਾ।

**15. ਕੰਧਾਂ ਦੇ ਵੀ ਕੰਨ ਹੁੰਦੇ ਹਨ** - ਚਰਨਜੀਤ ਤੇ ਅਮਨਦੀਪ ਦੋਵੇਂ ਭਰਾ ਆਪਣੇ ਘਰ ਦੀ ਕਬੀਲਦਾਰੀ ਬਾਰੇ ਉੱਚੀ-ਉੱਚੀ ਬੋਲ ਕੇ ਗੱਲਾਂ ਕਰ ਰਹੇ ਸਨ ਤਾਂ ਉਹਨਾਂ ਦੇ ਪਿਤਾ ਜੀ ਨੇ ਕਿਹਾ, "ਪੁੱਤਰ, ਘਰ ਦੇ ਭੇਤ ਦੀ ਗੱਲ ਕਰਦਿਆਂ ਅਵਾਜ਼ ਹੌਲ਼ੀ ਰੱਖੀਦੀ ਹੈ, ਸਿਆਣੇ ਕਹਿੰਦੇ ਹਨ-ਕੰਧਾਂ ਦੇ ਵੀ ਕੰਨ ਹੁੰਦੇ ਹਨ।"

**16. ਕੰਮ ਪਿਆਰਾ ਹੈ ਚੰਮ ਪਿਆਰਾ ਨਹੀਂ** - ਰਾਮ ਪ੍ਰਤਾਪ: ਹਰਜੀਤ ਸਿੰਘ, ਤੇਰੇ ਦੋਵੇਂ ਮੁੰਡੇ ਬਹੁਤ ਸੋਹਣੇ-ਸੁਨੱਖੇ ਹਨ, ਦੇਖ ਕੇ ਜਾਣੋ ਭੁੱਖ ਲਹਿੰਦੀ ਹੈ। ਹਰਜੀਤ ਸਿੰਘ: ਭਰਾਵਾ ਕੰਮ ਪਿਆਰਾ ਹੁੰਦਾ ਹੈ, ਚੰਮ ਪਿਆਰਾ ਨਹੀਂ ਹੁੰਦਾ। ਮੈਂ ਤਾਂ ਇਹਨਾਂ ਵਿਹਲੜਾਂ ਤੋਂ ਦੁਖੀ ਹੋਇਆ ਪਿਆਂ। ਕੰਮ ਦਾ ਡੱਕਾ ਦੂਹਰਾ ਨਹੀਂ ਕਰਦੇ ਦੋਵੇਂ।

**17. ਕੱਲੀ ਤਾਂ ਲੱਕੜ ਵੀ ਨਹੀਂ ਬਲ਼ਦੀ** - ਵਿਧਵਾ ਮਨਜੀਤ ਕੌਰ ਦੇ ਦੋਵੇਂ ਪੁੱਤਰ ਆਪਣੇ ਪਰਿਵਾਰਾਂ ਸਮੇਤ ਵਿਦੇਸ਼ ਚਲੇ ਗਏ। ਇਕੱਲਤਾ ਕਾਰਨ ਉਹ ਬਹੁਤ ਉਦਾਸ ਰਹਿੰਦੀ ਸੀ। ਹੁਣ ਉਸ ਨੇ ਆਪਣੀ ਦੋਹਤੀ ਨੂੰ ਆਪਣੇ ਕੋਲ਼ ਰੱਖ ਲਿਆ ਹੈ। ਚੰਗਾ ਹੀ ਕੀਤਾ, ਕਹਿੰਦੇ ਹਨ, 'ਕੱਲੀ ਤਾਂ ਲੱਕੜ ਵੀ ਨਹੀਂ ਬਲ਼ਦੀ।'

**18. ਕਾਹਲ਼ੀ ਦੀ ਘਾਣੀ ਅੱਧਾ ਤੇਲ ਅੱਧਾ ਪਾਣੀ** - "ਵੰਦਨਾ, ਕੱਲ ਤੂੰ ਰਜਾਈਆਂ ਦੇ ਗਿਲਾਫ਼, ਚਾਦਰਾਂ ਸਮੇਤ ਕੱਪੜੇ ਤਾਂ ਬਹੁਤ ਧੋਤੇ ਪਰ ਬਹੁਤੇ ਕੱਪੜੇ ਚੱਜ ਨਾਲ਼ ਨਿੱਖਰੇ ਨਹੀਂ।" "ਬੀਜੀ, ਕੱਲ੍ਹ ਦਸ ਦਿਨਾਂ ਬਾਅਦ ਧੁੱਪ ਨਿਕਲੀ ਸੀ, ਮੈਂ ਸੋਚਿਆ ਛੇਤੀ-ਛੇਤੀ ਸਾਰੇ ਕੱਪੜੇ ਧੋ ਕੇ ਸੁੱਕਣੇ ਪਾ ਦੇਵਾਂ।" ਬੀਜੀ ਨੇ ਕਿਹਾ, "ਬੱਸ ਧੀਏ, ਤਾਂ ਹੀ ਇਹ ਹਾਲ ਹੋਇਆ, ਅਖੇ - ਕਾਹਲ਼ੀ ਦੀ ਘਾਣੀ, ਅੱਧਾ ਤੇਲ ਅੱਧਾ ਪਾਣੀ।"

**19. ਕਾਠ ਦੀ ਹਾਂਡੀ ਇੱਕੋ ਵਾਰ ਚੜ੍ਹਦੀ ਹੈ** - "ਪਿਛਲੇ ਸਾਲ ਤੁਸੀਂ ਅੱਖਾਂ ਦਾ ਕੈਂਪ ਲਾਉਣ ਲਈ ਪੈਸੇ ਲੈ ਕੇ ਗਏ। ਸੀ। ਪਰ ਕੋਈ ਕੈਂਪ ਨਹੀਂ ਲੱਗਿਆ। ਅੱਜ ਤੁਸੀਂ ਗ਼ਰੀਬ ਲੜਕੀਆਂ ਦੇ ਵਿਆਹ ਲਈ ਚੰਦਾ ਮੰਗ ਰਹੇ ਹੋ। ਕਾਠ ਦੀ ਹਾਂਡੀ ਇੱਕੋ ਵਾਰ ਚੜ੍ਹਦੀ ਹੈ, ਹੁਣ ਤੁਸੀਂ ਸਾਥੋਂ ਕਿਸੇ ਚੰਦੇ ਦੀ ਆਸ ਨਾ ਰੱਖੋ।" ਵੇਦ ਪ੍ਰਕਾਸ਼ ਨੇ ਚੰਦਾ ਮੰਗਣ ਆਏ ਬੰਦਿਆਂ ਨੂੰ ਕਿਹਾ।

**20. ਕਾਂਵਾਂ ਦੇ ਆਖਿਆਂ ਜ਼ੋਰ ਨਹੀਂ ਮਰਦੇ** - ਲੜਦਿਆਂ ਹੋਇਆਂ ਜਦੋਂ ਸੁਮਨ ਨੇ ਮੈਨੂੰ ਬਰਬਾਦ ਹੋ ਜਾਣ ਦੀ ਬਦਅਸੀਸ ਦਿੱਤੀ ਤਾਂ ਮੈਂ ਕਿਹਾ-ਕਾਂਵਾਂ ਦੇ ਆਖਿਆਂ ਢੋਰ ਨਹੀਂ ਮਰਦੇ।

**21. ਕੁੱਛੜ ਕੁੜੀ ਗਰਾਂਅ ਹੋਕਾ/ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ** - ਰੁਪਿੰਦਰ ਦਫ਼ਤਰ ਜਾਣ ਸਮੇਂ ਆਪਣਾ ਮੋਬਾਈਲ ਲੱਭਣ ਲੱਗੀ। ਪਰ ਉਸਨੂੰ ਮੋਬਾਈਲ ਕਿਤੇ ਨਹੀਂ ਸੀ ਲੱਭ ਰਿਹਾ। ਉਸ ਦੇ ਪਤੀ ਨੇ ਆਪਣੇ ਮੋਬਾਈਲ ਤੋਂ ਉਸ ਦਾ ਨੰਬਰ ਮਿਲ਼ਾਇਆ ਤਾਂ ਮੋਬਾਈਲ ਦੀ ਅਵਾਜ਼ ਰੁਪਿੰਦਰ ਦੇ ਪਰਸ ਵਿੱਚੋਂ ਹੀ ਆਈ। ਉਸ ਦੇ ਪਤੀ ਨੇ ਕਿਹਾ-ਕੁੱਛੜ ਕੁੜੀ ਤੇ ਗਰਾਂਅ ਹੋਕਾ।

**22. ਕੁੱਤਾ ਭੌਂਕੇ ਚੰਨ ਨੂੰ ਕੀ?** - ਸਰਪੰਚ ਗੰਗਾ ਰਾਮ ਆਪਣੇ ਇਲਾਕੇ ਦੇ ਉੱਘੇ ਸਮਾਜ ਸੇਵਕ ਹਨ। ਆਪਣੀ ਸਮਰੱਥਾ ਅਨੁਸਾਰ ਉਹ ਹਮੇਸ਼ਾਂ ਲੋੜਵੰਦਾਂ ਦੇ ਕੰਮ ਆਉਂਦੇ ਹਨ। ਕੁਝ ਨਿੰਦਕ ਉਹਨਾਂ ਨੂੰ ਬਦਨਾਮ ਕਰਨ ਦਾ ਯਤਨ ਵੀ ਕਰਦੇ ਹਨ ਪਰ ਉਹਨਾਂ 'ਤੇ ਅਜਿਹੀਆਂ ਗੱਲਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹਨਾਂ 'ਤੇ ਇਹ ਅਖਾਉਤ ਪੂਰੀ ਤਰ੍ਹਾਂ ਢੁਕਦੀ ਹੈ-ਕੁੱਤਾ ਭੌਂਕੇ ਚੰਨ ਨੂੰ ਕੀ?

**23. ਕੁੱਤਾ ਵੀ ਪੂਛ ਮਾਰ ਕੇ ਬਹਿੰਦਾ ਹੈ -** ਕੁਸਮ ਜਦੋਂ ਦਫ਼ਤਰੋਂ ਘਰ ਪਹੁੰਚੀ ਤਾਂ ਘਰ ਵਿੱਚ ਅੰਤਾਂ ਦਾ ਖਿਲਾਰਾ ਵੇਖ ਕੇ ਉਸ ਨੇ ਆਪਣੇ ਬੱਚਿਆਂ ਨੂੰ ਕਿਹਾ, "ਆਲ਼ੇ-ਦੁਆਲ਼ੇ ਦੀ ਸਫ਼ਾਈ ਦਾ ਧਿਆਨ ਵੀ ਕਰ ਲਿਆ ਕਰੋ, ਕੁੱਤਾ ਵੀ ਜਿੱਥੇ ਬਹਿੰਦਾ ਹੈ, ਪੂਛ ਮਾਰ ਕੇ ਬਹਿੰਦਾ ਹੈ।"

**24. ਕੋਈ ਮਰੇ ਕੋਈ ਜੀਵੇ ਸੁਥਰਾ ਘੋਲ਼ ਪਤਾਸੇ ਪੀਵੇ** - ਹੈਪੀ ਦੇ ਚਚੇਰੇ ਭਰਾ ਆਪਸ ਵਿੱਚ ਲੜ ਰਹੇ ਸਨ ਤੇ ਉਹ ਕੋਲ਼ ਬੈਠੀ ਮੋਬਾਈਲ 'ਤੇ ਖੇਡਾਂ ਖੇਡਣ ਵਿੱਚ ਮਸਤ ਸੀ। ਬੱਚਿਆਂ ਦਾ ਚੀਕ-ਚਿਹਾੜਾ ਸੁਣ ਕੇ ਉਸ ਦੀ ਚਾਚੀ ਅੰਦਰ ਆਈ ਤੇ ਹੈਪੀ ਨੂੰ ਕਹਿਣ ਲੱਗੀ, "ਤੇਰੇ ਸਾਮ੍ਹਣੇ ਬੱਬੂ ਤੇ ਬਿੱਟੂ ਲੜੀ ਜਾਂਦੇ ਨੇ, ਤੂੰ ਹਟਾ ਨਹੀਂ ਸਕਦੀ? ਤੇਰਾ ਤਾਂ ਉਹ ਹਾਲ ਹੈ-ਕੋਈ ਮਰੇ ਕੋਈ ਜੀਵੇ ਸੁਥਰਾ ਘੋਲ਼ ਪਤਾਸੇ ਪੀਵੇ।"

**25. ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ** - ਹਰਦੇਵ ਸਿੰਘ ਨੇ ਨਸ਼ਿਆਂ ਦੀ ਤਸਕਰੀ ਦੇ ਗੁਨਾਹ ਵਿੱਚ ਫਸੇ ਸ਼ਰਨਦੀਪ ਨੂੰ ਜ਼ਮਾਨਤ 'ਤੇ ਛੁਡਵਾਉਣ ਦੀ ਕੋਸ਼ਸ਼ ਕੀਤੀ ਤਾਂ ਪੁਲਿਸ ਨੇ ਉਸ ਨੂੰ ਵੀ ਪੁੱਛ-ਪੜਤਾਲ ਕਰਨ ਲਈ ਹਿਰਾਸਤ ਵਿੱਚ ਲੈ ਲਿਆ। ਸਿਆਣਿਆਂ ਨੇ ਠੀਕ ਹੀ ਕਿਹਾ ਹੈ-ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲ਼ਾ।